ਕਿਸਾਨ ਵੀਰਾਂ ਦੀ
ਜਾਣਕਾਰੀ ਹਿੱਤ

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ**
**ਪੰਜਾਬ ਸਰਕਾਰ**

# ਕਣਕ ਦੇ ਬੀਜ ਦੀ ਸਬਸਿਡੀ ਦੀ ਵੰਡ ਪਾਲਿਸੀ 2017-18

1 ਸਾਲ 2017-18 ਦੌਰਾਨ ਪੰਜਾਬ ਸਰਕਾਰ ਵੱਲੋਂ ਕਣਕ ਦੇ ਬੀਜ ਤੇ ਸਬਸਿਡੀ ਸਿੱਧਾ ਕਿਸਾਨਾਂ ਦੇ ਖਾਤੇ ਵਿੱਚ ਪਾਉਣ ਦਾ ਫੈਸਲਾ ਕੀਤਾ ਗਿਆ ਹੈ। ਬੀਜ ਦੀ ਸਬਸਿਡੀ ਦੀ ਵੰਡ ਦੀ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੈ।

2 ਕਿਸਾਨ ਪੰਜਾਬ ਰਾਜ ਬੀਜ ਪ੍ਰਮਾਨਣ ਸੰਸਥਾ ਵਲੋਂ ਰਜਿਸਟਰਡ ਕੀਤੇ ਸਰਕਾਰੀ/ ਅਰਧ ਸਰਕਾਰੀ ਸੰਸਥਾਵਾਂ/ ਅਦਾਰੇ ਆਦਿ ਜਿਵੇਂ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪਨਸੀਡ, N S C, ਇਫਕੋ/ IFFDC ਅਤੇ ਕਰਿਭਕੋ ਤੋਂ ਹੀ ਤਸਦੀਕਸ਼ੁਦਾ ਬੀਜ ਪੂਰੀ ਕੀਮਤ ਤੇ ਪ੍ਰਾਪਤ ਕਰਨਗੇ।

3 ਕਿਸਾਨ ਕਣਕ ਦਾ ਬੀਜ ਪ੍ਰਾਪਤ ਕਰਨ ਲਈ ਨਿਰਧਾਰਿਤ ਪ੍ਰਫਾਰਮੇ ਵਿਚ ਬਿਨੈ ਪੱਤਰ ਜੋ ਕਿ ਇਸ ਇਸ਼ਤਿਹਾਰ ਤੇ ਹੇਠਾਂ ਦਿੱਤਾ ਗਿਆ ਹੈ ਅਤੇ ਵਿਭਾਗ ਦੀ ਵੈਬਸਾਈਟ www.agripb.gov.in ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ, ਨੂੰ ਭਰ ਕੇ ਆਪਣੇ ਦਸਤਖਤ ਕਰਕੇ ਕਿਸਾਨ ਆਪਣੇ ਪਿੰਡ ਦੇ ਸਰਪੰਚ/ ਨੰਬਰਦਾਰ/ ਐਮ. ਸੀ ਤੋਂ ਤਸਦੀਕ ਕਰਵਾ ਕੇ ਬਲਾਕ ਖੇਤੀਬਾੜੀ ਦਫਤਰ ਵਿਚ ਜਮਾਂ ਕਰਵਾਉਣਗੇ।

4 ਕਿਸਾਨ ਆਪਣੀਆਂ ਅਰਜ਼ੀਆਂ ਵਿਭਾਗ ਦੇ ਬਲਾਕ ਖੇਤੀਬਾੜੀ ਅਫਸਰ ਦੇ ਦਫਤਰ ਵਿਖੇ ਮਿਤੀ: 27-10-2017 ਤੋਂ 03-11-2017 ਤੱਕ ਜਮਾਂ ਕਰਵਾ ਸਕਦੇ ਹਨ। ਯੋਗ ਪਾਏ ਗਏ ਲਾਭਪਾਤਰੀਆਂ ਨੂੰ ਪਰਮਿਟ ਮਿਤੀ: 04-11-2017 ਤੋਂ ਦਿੱਤੇ ਜਾਣਗੇ। ਮਿਤੀ ਲੰਘ ਜਾਣ ਤੇ ਪ੍ਰਾਪਤ ਅਰਜ਼ੀਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ।ਖੇਤੀਬਾੜੀ ਵਿਭਾਗ ਦੇ ਦਫਤਰ ਸ਼ਨੀਵਾਰ ਤੇ ਐਤਵਾਰ ਖੁੱਲ੍ਹੇ ਰਹਿਣਗੇ ।

5 ਕਣਕ ਦੇ ਬੀਜ ਦੀ ਸਬਸਿਡੀ ਦੀ ਜਿਲ੍ਹਾਵਾਰ ਟੀਚਿਆਂ ਦੀ ਵੰਡ ਮੁੱਖ ਖੇਤੀਬਾੜੀ ਅਫਸਰਾਂ ਨੂੰ ਭੇਜ ਦਿੱਤੀ ਗਈ ਹੈ, ਸਬਸਿਡੀ ਦੀ ਵੰਡ ਪਹਿਲਾਂ ਢਾਈ ਏਕੜ ਰਕਬੇ ਵਾਲੇ ਕਿਸਾਨਾਂ/ ਕਾਸ਼ਤਕਾਰਾਂ ਨੂੰ, ਇਸ ਤੋਂ ਬਾਅਦ ਪੰਜ ਏਕੜ ਰਕਬੇ ਵਾਲੇ ਕਿਸਾਨਾਂ/ ਕਾਸ਼ਤਕਾਰਾਂ ਨੂੰ ਕੀਤੀ ਜਾਵੇਗੀ ਅਤੇ ਜੇਕਰ ਰਾਸ਼ੀ ਬਚਦੀ ਹੈ ਤਾਂ ਪੰਜ ਏਕੜ ਤੋਂ ਵੱਧ ਮਾਲਕੀ ਵਾਲੇ ਕਿਸਾਨਾਂ ਦੀ ਅਰਜ਼ੀਆਂ ਵਿਚਾਰੀਆਂ ਜਾਣਗੀਆਂ।